# BUDHA DAL PUBLIC SCHOOL PATIALA (8 September 15)

**UNIT - I**
**Class - IX**
**Paper - Punjabi**

**Time: 3 hrs.** **MM: 90**

1. ਗਿਆਨ ਅਤੇ ਵਿਚਾਰ

**(ੳ) ਹੇਠ ਲਿਖੇ ਅਣਡਿੱਠੇ ਪੈਰ੍ਹਿਆਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ।** **(2×5=10)**

1. ਸਿੱਖ ਧਰਮ ਅਤੇ ਬਾਣੀ ਸੰਸਾਰ ਵਿਚ ਸੇਵਾ ਦੇ ਮਹਾਤਮ ਨੂੰ ਸਭ ਤੋਂ ਉੱਚਾ ਰੱਖਿਆ ਗਿਆ। ਸੇਵਾ ਉਹ ਕਰ ਸਕਦਾ ਹੈ ਜੋ ਆਪਣੇ ਬੰਧਨਾਂ ਤੋਂ ਉੱਪਰ ਉੱਠ ਚੁੱਕਾ ਹੈ। ਸੇਵਾ ਉਸ ਵਿਅਕਤੀ ਦੇ ਹਿੱਸੇ ਆਉਂਦੀਹੈ ਜੋ ਨਿਰਮਾਣ ਹੈ, ਜਿਸ ਅੰਦਰ ਦੂਜਿਆਂ ਦੇ ਦੁੱਖ ਦਰਦ ਵੰਡਣ ਦੀ ਭਾਵਨਾ ਹੋਵੇ। ਸੇਵਾ ਕਿਸੇ ਲਈ ਪਰਉਪਕਾਰ ਮੰਨੀ ਗਈ ਹੈ। ਆਪਣੇ ਲਈ ਤਾਂ ਹਰ ਕੋਈ ਜਿਉਂਦਾ ਹੈ ਪਰ ਉੱਤਮ ਜੀਉਣਾ ਉਹ ਹੈ ਜੋ ਦੂਜਿਆਂ ਲਈ ਜੀਵਿਆ ਜਾਏ। ਮਹਾਤਮਾ ਬੁੱਧ ਨੇ ਕਿਹਾ ਸੀ ਕਿ ਜੋ ਮੇਰੀ ਸੇਵਾ ਕਰਨਾ ਲੋਚਦਾ ਹੈ, ਉਹ ਕਿਸੇ ਰੋਗੀ ਦੀ ਸੇਵਾ ਕਰੇ। ਸਿੱਖ ਇਤਿਹਾਸ ਵਿਚ ਭਾਈ ਘਨ੍ਹਈਆ ਜੀ ਇਸੇ ਲਈ ਆਦਰਸ਼ ਹਨ ਕਿਉਂਕਿ ਉਨ੍ਹਾਂ ਦਾ ਜੀਵਨ ਸੇਵਾ ਨੂੰ ਅਰਪਿਤ ਸੀ। ਜੰਗਾਂ ਜੁੱਧਾਂ ਵਿੱਚ ਜ਼ਖ਼ਮੀਆਂ ਨੂੰ ਪਾਣੀ ਪਿਆਉਣਾ ਅਤੇ ਲੰਗਰ ਦੇ ਸੇਵਾ ਕਰਨਾ, ਉਨ੍ਹਾਂ ਦਾ ਕਰਤਾਰੀ ਕਰਮ ਸੀ। ਸੇਵਾ ਭਾਵਨਾ ਵਿੱਚੋਂ ਹੀ ਉਨ੍ਹਾਂ ਨੂੰ ਰੱਬੀ ਮਿਲਾਪ ਦਾ ਫ਼ਖ਼ਰ ਹਾਸਲ ਸੀ। ਅਨਹਦ ਨਾਦ ਦੀ ਧੁਨੀ ਦੀ ਗੂੰਜ ਹਰ ਪਲ ਉਨ੍ਹਾਂ ਨੂੰ ਖਿੜਾਉ ਟਿਕਾਉ ਵਿਚ ਰੱਖਦੀ ਸੀ। ਸੇਵਾ ਭਾਵਨਾ ਨੇ ਸਾਰੀ ਹਉਮੈਂ ਦਾ ਨਾਸ਼ ਕਰਨਾ ਹੁੰਦਾ ਹੈ ਅਤੇ ਜਿਸ ਅੰਦਰੋਂ ਹਉਮੈਂ ਮਿਟ ਗਈ ਹੈ, ਉਹ ਬ੍ਰਹਮ ਨਾਲ ਇੱਕਸਾਰ ਹੋ ਜਾਂਦਾ ਹੈ। ਬਾਣੀ ਵਿਚ ਉਪਦੇਸ਼ ਹੈ, "ਹਉਮੈਂ ਬੂਝੇ ਤਾ ਦਰਿ ਸੂਝੈ" ਸੇਵਾ ਜਿੱਥੇ ਹਉਮੈਂ ਤੋਂ ਮੁਕਤ ਕਰਦੀ ਹੈ ਉੱਥੇ ਦੂਜਿਆਂ ਨਾਲ ਜੋੜਦੀ ਵੀ ਹੈ। ਸੇਵਾ ਬਿਗਾਨਿਆਂ ਨੂੰ ਆਪਣਾ ਬਣਾ ਲੈਂਦੀ ਹੈ। ਬਾਣੀ ਵਿਚ ਸੇਵਾ ਦੇ ਮਹਾਤਮ ਨੂੰ ਇੰਜ ਪ੍ਰਗਟਾਇਆ ਹੈ –

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਾਹ ਬੈਸਣ ਪਾਈਐ॥

**ਪ੍ਰ1. ਸਿੱਖ ਧਰਮ ਵਿਚ ਕਿਸ ਮਹਾਤਮ ਨੂੰ ਸਭ ਤੋਂ ਉੱਚਾ ਰੱਖਿਆ ਗਿਆ ਹੈ?**

ੳ) ਇਕਾਦਸੀ ਅ) ਦੁਸ਼ਮਣੀ
ੲ) ਸੇਵਾ ਸ) ਵੈਰ ਕਮਾਉਣਾ

**ਪ੍ਰ2. ਸੇਵਾ ਕਿਹੜਾ ਮਨੁੱਖ ਕਰ ਸਕਦਾ ਹੈ?**

ੳ) ਜਿਹੜਾ ਵੈਰ ਰਖਦਾ ਹੋਵੇ ਅ) ਜਿਹੜਾ ਦੁੱਖ ਦਰਦ ਵੰਡਣ ਦੀ ਭਾਵਨਾ ਰਖਦਾ ਹੋਵੇ
ੲ) ਜਿਹੜਾ ਲਾਲਚੀ ਹੋਵੇ ਸ) ਜਿਹੜਾ ਈਰਖਾ ਰਖਦਾ ਹੋਵੇ

**ਪ੍ਰ3. ਉੱਤਮ ਜਿਉਣਾ ਕੀ ਹੈ?**

ੳ) ਦੂਜਿਆਂ ਲਈ ਜੀਵਿਆ ਜਾਏ ਅ) ਆਪਣੇ ਲਈ ਜੀਵਿਆ ਜਾਏ
ੲ) ਮੂਰਖਾਂ ਲਈ ਜੀਵਿਆ ਜਾਏ ਸ) ਪਰਿਵਾਰ ਲਈ ਜੀਵਿਆ ਜਾਏ

**ਪ੍ਰ4. ਭਾਈ ਘਨ੍ਹਈਆ ਨੂੰ ਸੇਵਾ ਭਾਵਨਾ ਵਿਚੋਂ ਕਿਸ ਦਾ ਫ਼ਖ਼ਰ ਹਾਸਿਲ ਸੀ?**

ੳ) ਰੱਬੀ ਮਿਲਾਪ ਦਾ ਅ) ਦੋਸਤਾਂ ਦੀ ਦੋਸਤੀ ਦਾ
ੲ) ਲੋਕਾਂ ਦੇ ਸਾਥ ਦਾ ਸ) ਪਰਿਵਾਰ ਦਾ

**ਪ੍ਰ5. ਸੇਵਾ ਭਾਵਨਾ ਕਿਸ ਦਾ ਨਾਸ ਕਰਦੀ ਹੈ?**

ੳ) ਹਉਮੈਂ ਅ) ਮੂਰਖਤਾ
ੲ) ਚੰਚਲਤਾ ਸ) ਬੇਵਕੂਫ਼ੀ

(ਅ) ਹੇਠ ਲਿਖੇ ਅਣਡਿੱਠੇ ਪੈਰ੍ਹਿਆਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ।

1. ਜਿਹੜੇ ਇਨਸਾਨ ਜ਼ਿੰਦਗੀ ਦਾ ਖੇੜਾ, ਫੁੱਲਾਂ ਦੇ ਰੰਗਾਂ ਤੇ ਤਿਤਲੀਆਂ ਦੀ ਰਸਭਿੰਨੀ ਉਡਾਣ ਵਿਚੋਂ ਲਭਦੇ ਹਨ, ਉਹ ਜ਼ਿੰਦਗੀ ਦੇ ਹਰ ਮਹਾਜ਼ 'ਤੇ ਜ਼ਿੰਦਗੀ ਨੂੰ ਪ੍ਰਸੰਨ ਤੇ ਖੁਸ਼ ਰਖਣ ਦੀ ਆਦਤ ਬਣਾ ਲੈਂਦੇ ਹਨ। ਉਨ੍ਹਾਂ ਲਈ ਤਾਂ ਕੁਦਰਤ ਦੀ ਵਿਸ਼ਾਲਤਾ, ਰੁੱਖਾਂ, ਬੂਟਿਆਂ ਦੀ ਵੰਨ-ਸੁਵੰਨਤਾ ਤੇ ਵਗਦੇ ਪਾਣੀਆਂ ਦੀ ਮਿੱਠੀ ਤੇ ਰਸਭਿੰਨੀ ਆਵਾਜ਼ ਵੀ ਅੰਮ੍ਰਿਤ-ਰਸ, ਕੰਨਾਂ ਵਿਚ ਘੋਲ ਸਕਦੀ ਹੈ। ਇਹ ਤਾਂ ਬੱਚੇ ਦੀ ਅਭੋਲਤਾ ਤੇ ਸੁੰਦਰ ਮੁਸਕਾਨ ਵਿਚੋਂ ਵੀ ਰੱਬ ਲਭ ਲੈਂਦੇ ਹਨ। ਫਿਰ ਇਨ੍ਹਾਂ ਨੂੰ ਜ਼ਿੰਦਗੀ ਦਾ ਖੇੜਾ ਤੇ ਪ੍ਰਸੰਨਤਾ ਲਭਣੀ ਕਿਵੇਂ ਮੁਸ਼ਕਲ ਜਾਪ ਸਕਦੀ ਹੈ। ਖੇੜੇ ਵਿਚ ਮੁਹਬਤ ਦੀ ਕਲਾ ਵਰਤਦੀ ਹੈ। ਪਿਆਰ ਹੀ ਇਸ ਦੀ ਹੋਂਦ ਦਾ ਕਾਰਨ ਬਣਦਾ ਹੈ। ਫੁੱਲ ਮੁਹੱਬਤ ਅੰਦਰ ਤੇ ਮੁਹੱਬਤ ਖਾਤਰ ਖਿੜਾ ਹੈ। ਉਹ ਕੀੜਿਆਂ ਰਾਹੀਂ, ਪਤੰਗਿਆਂ ਰਾਹੀਂ, ਭੌਰਿਆਂ ਰਾਹੀਂ, ਤਿਤਲੀਆਂ ਰਾਹੀਂ ਦੂਜੇ ਫੁੱਲ ਨੂੰ ਪਿਆਰ ਸੰਦੇਸ਼ ਭੇਜਦਾ ਹੈ। ਇਸੇ ਤਰ੍ਹਾਂ ਆਤਮਾ ਵੀ ਮੁਹੱਬਤ ਵਿਚ ਹੀ ਖਿੜਦੀ ਹੈ। ਮਨੁੱਖ ਨਾਲ ਪਿਆਰ ਕਰੋ ਤਾਂ ਚਿੱਤ ਖਿੜਦਾ ਹੈ। ਰੱਬ ਨਾਲ ਪਿਆਰ ਕਰੋ ਤਾਂ ਆਤਮਾ ਵਿਗਸਦੀ ਹੈ। ਪਿਆਰ ਬਾਝੋਂ ਤਾਂ ਖੇੜੇ ਦਾ ਵਜੂਦ ਹੀ ਨਾ-ਮੁਮਕਿਨ ਹੈ।

ਮਨੁੱਖਤਾ ਨੂੰ ਪਿਆਰ ਕਰਨਾ ਸਿਖੋ, ਜ਼ਿੰਦਗੀ ਦਾ ਸਾਰਾ ਬੋਝ ਕਿਧਰੇ ਅਲੋਪ ਹੋ ਜਾਵੇਗਾ। ਜ਼ਿੰਦਗੀ ਬੋਝਲ ਨਹੀਂ ਜਾਪੇਗੀ। ਤੁਹਾਡੇ ਚਿਹਰੇ ਤੋਂ ਹੀ ਇਸ ਨੂਰ ਦੀ ਝਲਕ ਵਿਖਾਈ ਦੇ ਜਾਵੇਗੀ।

**ਪ੍ਰ1. ਕਿਹੜੇ ਮਨੁੱਖ ਨੂੰ ਜ਼ਿੰਦਗੀ ਵਿਚ ਖੇੜਾ ਜਾਂ ਪ੍ਰਸੰਨਤਾ ਮਿਲਦੀ ਹੈ?**

ੳ) ਜਿਹੜੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਦੇ ਹਨ    ਅ) ਜਿਹੜੇ ਰਾਤ ਨੂੰ ਕਲਬਾਂ ਵਿਚ ਜਾ ਕੇ ਡਾਂਸ ਕਰਦੇ ਹਨ

ੲ) ਜਿਹੜੇ ਬਹੁਤ ਫਿਲਮਾਂ ਵੇਖਦੇ ਹਨ    ਸ) ਜਿਹੜੇ ਬਹੁਤ ਖਾਣ-ਪੀਣ ਦਾ ਸ਼ੌਕੀਨ ਹੁੰਦੇ ਹਨ

**ਪ੍ਰ2. ਖੇੜੇ ਵਿਚ ਕਿਸ ਦੀ ਕਲਾ ਵਰਤਦੀ ਹੈ?**

ੳ) ਵੈਰ-ਵਿਰੋਧ ਦੀ ਕਲਾ    ਅ) ਈਰਖਾ ਕੀ ਕਲਾ

ੲ) ਮੁਹੱਬਤ ਦੀ ਕਲਾ    ਸ) ਜੀਵਨ ਜੀਉਣ ਦੀ ਕਲਾ

**ਪ੍ਰ3. ਰੱਬ ਨਾਲ ਪਿਆਰ ਕਰਨ 'ਤੇ ਕੀ ਹੁੰਦਾ ਹੈ?**

ੳ) ਵਹਿਮ-ਭਰਮ ਵਧਦੇ ਹਨ    ਅ) ਜਿਉਣਾ ਮੁਸ਼ਕਲ ਹੁੰਦਾ ਹੈ

ੲ) ਮਨੁੱਖ ਸੁਧ-ਬੁਧ ਖੋਹ ਦਿੰਦਾ ਹੈ    ਸ) ਆਤਮਾ ਵਿਗਸਦੀ ਹੈ

**ਪ੍ਰ4. ਮਨੁੱਖਾਂ ਨਾਲ ਪਿਆਰ ਕਰਨ 'ਤੇ ਕੀ ਖਿੜਦਾ ਹੈ?**

ੳ) ਦੁਨੀਆ ਖਿੜਦੀ ਹੈ    ਅ) ਫੁੱਲ ਖਿੜਦੇ ਹਨ

ੲ) ਚਿੱਤ ਖਿੜਦਾ ਹੈ    ਸ) ਕਿਆਰੀਆਂ ਖਿੜਦੀਆਂ ਹਨ

**ਪ੍ਰ5. ਜ਼ਿੰਦਗੀ ਦਾ ਸਾਰਾ ਬੋਝ ਕਿਵੇਂ ਅਲੋਪ ਹੋ ਸਕਦਾ ਹੈ?**

ੳ) ਆਪਣਾ ਸੁਆਰਥ ਪੂਰਾ ਕਰਨ ਨਾਲ    ਅ) ਮਨੁੱਖਤਾ ਨਾਲ ਪਿਆਰ ਕਰਨਾ ਸਿੱਖਣ ਨਾਲ

ੲ) ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਨਾਲ    ਸ) ਦੂਸਰਿਆਂ ਨਾਲ ਨਫ਼ਰਤ ਕਰਨ ਨਾਲ

## ਭਾਗ-ਅ (ਵਿਆਕਰਨ)

**ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦ ਦੀ ਚੋਣ ਕਰੋ:** **(5×4=20)**

ੳ) ਡੂੰਘਾ   ਅ) ਡੂੰਗਾ   ੲ) ਡੂੰਗਾ   ਸ) ਡੂੱਘਾ

**ਅ) ਸਹੀ ਸ਼ਬਦ ਜੋੜ ਵਾਲੇ ਸ਼ਬਦ ਨੂੰ ਚੁਣੋ:**

ੳ) ਸੋਹਣਾ   ਅ) ਸੋਹਣਾ   ੲ) ਸੁਹਣਾ   ਸ) ਸੁਹਨਾ

ੲ) ਹੇਠ ਲਿਖਿਆਂ ਵਿੱਚੋਂ ਸ਼ੁੱਧ ਵਾਕ ਚੁਣੋ:

ੳ) ਮੇਥੀ ਤੇ ਕਰੇਲਿਆਂ ਦਾ ਸੁਆਦ ਕੌੜੇ ਹੁੰਦੇ ਹਨ।
ਅ) ਮੇਥੀ ਦਾ ਤੇ ਕਰੇਲਿਆਂ ਦਾ ਸੁਆਦ ਕੌੜੇ ਹੁੰਦੇ ਹਨ।
ੲ) ਮੇਥੀ ਤੇ ਕਰੇਲਿਆਂ ਦਾ ਸੁਆਦ ਕੌੜਾ ਹੁੰਦਾ ਹੈ।
ਸ) ਮੇਥੀ ਦਾ ਵੀ ਤੇ ਕਰੇਲਿਆਂ ਦਾ ਵੀ ਸੁਆਦ ਕੌੜੇ ਹੁੰਦੇ ਹਨ।

ਸ) ਸ਼ੁੱਧ ਸ਼ਬਦ ਚੁਣੋ:

ੳ) ਅਕੱਲਾ ਅ) ਕੱਲਾ ੲ) ਇੱਕਲਾ ਸ) ਇਕੱਲਾ

2ੳ) ਕੁੜੱਤਣ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:

ੳ) ਨਮਕੀਨ ਅ) ਮਿਠਾਸ ੲ) ਫਿੱਕਾ ਸ) ਕੌੜਾ

ਅ) ਸਹੀ ਵਿਰੋਧੀ ਸ਼ਬਦ ਜੋੜ ਚੁਣੋ:

ੳ) ਵੱਸਣਾ/ਉਜੜਨਾ ਅ) ਹਨੇਰਾ/ਰਾਤ ੲ) ਦੂਰ/ਅੱਗੇ ਸ) ਸੂਰਜ/ਮੱਸਿਆ

ੲ) ਕਿਹੜਾ ਸ਼ਬਦ 'ਸਬਰ' ਦਾ ਸਮਾਨਾਰਥੀ ਨਹੀਂ ਹੈ?

ੳ) ਸੰਤੋਖ ਅ) ਰੱਜ ੲ) ਸੰਤੁਸ਼ਟੀ ਸ) ਭੁੱਖ

ਸ) ਔਰਤ ਸ਼ਬਦ ਦਾ ਸਹੀ ਸਮਾਨਾਰਥਕ (ਵਿਕਲਪ) ਚੁਣੋ:

ੳ) ਤੀਵੀਂ, ਜਨਾਨੀ, ਇਸਤਰੀ ਅ) ਮਾਂ, ਚਾਚੀ, ਭੈਣ
ੲ) ਆਦਮੀ, ਮਰਦ, ਪੁਰਖ ਸ) ਦਾਸੀ, ਨੌਕਰਾਣੀ, ਕੰਮ ਵਾਲੀ

3ੳ) ਅੱਜ-ਕੱਲ੍ਹ ਤ੍ਰਿੰਞਣਾਂ ਦੀ ਰੌਣਕ ਅਲੋਪ ਹੋ ਗਈ ਹੈ।

ਲਕੀਰੇ ਨਾਂਵ ਦੀ ਕਿਸਮ ਦੱਸੋ:

ੳ) ਆਮ ਨਾਂਵ ਅ) ਖਾਸ ਨਾਂਵ ੲ) ਇਕੱਠਵਾਚਕ ਨਾਂਵ ਸ) ਭਾਵ ਵਾਚਕ ਨਾਂਵ

ਅ) 'ਭਾਵ' ਵਾਚਕ ਨਾਂਵ ਚੁਣੋ:

ੳ) ਗਰਮੀ, ਖੁਸ਼ੀ, ਬੁਢਾਪਾ ਅ) ਸਕੂਲ, ਕਾਲਜ, ਯੂਨੀਵਰਸਿਟੀ
ੲ) ਸੈਨਾ, ਜਮਾਤ, ਮੇਲਾ ਸ) ਆਟਾ, ਚੀਨੀ, ਦੁੱਧ

ੲ) ਵਾਕ ਵਿੱਚ ਨਾਂਵ ਦੀ ਥਾਂ 'ਤੇ ਵਰਤੇ ਜਾਣ ਵਾਲੇ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ?

ੳ) ਨਾਂਵ ਅ) ਖ਼ਾਸ ਨਾਂਵ ੲ) ਪੜਨਾਂਵ ਸ) ਲਿੰਗ

ਸ) ਸੰਖਿਆ - ਵਾਚਕ ਵਿਸ਼ੇਸ਼ਣ ਚੁਣੋ:

ੳ) ਇੱਕ, ਸੌ, ਦੁੱਗਣਾ ਅ) ਬਹੁਤ ਸਾਰੇ ੲ) ਕੋਈ-ਕੋਈ ਸ) ਕਿਹੜਾ, ਜਿਹੜਾ

4ੳ) ਲਕੀਰੇ ਸ਼ਬਦ ਦਾ ਲਿੰਗ ਬਦਲ ਕੇ ਖਾਲੀ ਥਾਂ ਭਰੋ:

ਅੱਜ ਸੂਰਜ ਨਹੀਂ ਚੜ੍ਹਿਆ।

ੳ) ਸੂਰਜਨ ਅ) ਸੂਰਜੀ ੲ) ਸੂਰਜਨੀ ਸ) ਇਹਨਾਂ 'ਚੋਂ ਕੋਈ ਨਹੀਂ

ਅ) ਪਾਪੀ ਸ਼ਬਦ ਦਾ ਲਿੰਗ ਬਦਲਣ ਲਈ ਸਹੀ ਵਿਕਲਪ ਚੁਣੋ:

ੳ) ਪਾਪਨ    ਅ) ਪਾਪਣ    ੲ) ਪਾਪੀਨ    ਸ) ਪਾਪਣੀ

ੲ) ਲਕੀਰੇ ਕਾਰਕ ਦੀ ਕਿਸਮ ਦੱਸੋ:

ਗੁਰਪ੍ਰੀਤ ਨੇ ਸੁਰਜੀਤ ਨੂੰ ਫ਼ੋਨ ਕੀਤਾ।

ੳ) ਕਰਤਾ-ਕਾਰਕ    ਅ) ਕਰਮ-ਕਾਰਕ    ੲ) ਕਰਨ-ਕਾਰਕ    ਸ) ਸੰਬੰਧ-ਕਾਰਕ

ਸ) ਮੈਂ ਦਹੀ ਨਾਲ ਰੋਟੀ ਖਾਧੀ।

ੳ) ਕਰਮ-ਕਾਰਕ    ਅ) ਸੰਬੰਧ-ਕਾਰਕ    ੲ) ਕਰਨ-ਕਾਰਕ    ਸ) ਅਪਾਦਾਨ-ਕਾਰਕ

5. ਸ਼ੁੱਧ ਮੁਹਾਵਰਾ ਚੁਣੋ:

ੳ) ਉੱਕਾ ਅਨਪੜ੍ਹ ਹੋਣਾ

ੳ) ਉਸਤਾਦੀ ਕਰਨੀ    ਅ) ਇੱਕ ਦੀਆਂ ਚਾਰ ਸੁਣਾਉਣੀਆਂ

ੲ) ਇੱਲ ਦਾ ਨਾ ਕੋਕੋ ਨਾ ਆਉਣਾ    ਸ) ਉੱਨ ਲਾਹੁਣੀ

ਅ) ਹੇਠ ਲਿਖੇ ਅਰਥ ਲਈ ਸਹੀ ਮੁਹਾਵਰਾ ਚੁਣੋ:

ਹਾਰ ਮੰਨ ਲੈਣੀ

ੳ) ਸਿੱਕਾ ਜੰਮਣਾ    ਅ) ਖਾਤਰਦਾਰੀ ਕਰਨੀ

ੲ) ਹਥਿਆਰ ਸੁੱਟ ਦੇਣੇ    ੲ) ਕੱਖ ਨਾ ਰਹਿਣਾ

ੲ) ਸਹੀ ਸ਼ਬਦ ਚੁਣ ਕੇ ਮੁਹਾਵਰੇ ਪੂਰੇ ਕਰੋ:

ਇੱਟ ਦਾ ਜਵਾਬ ................ ਨਾਲ ਦੇਣਾ

ੳ) ਪੱਥਰ    ਅ) ਰੋੜੇ    ੲ) ਤਲਵਾਰ    ਸ) ਇੱਟ

ਸ) ਸਿਰ ਖੁਰਕਣ ਦੀ ਵਿਹਲ ਨਾ ਹੋਣੀ ਦਾ ਅਰਥ ਦੱਸੋ।

ੳ) ਬਹੁਤ ਰੁੱਝੇ ਹੋਣਾ    ਅ) ਆਲਸੀ ਹੋਣਾ

ੲ) ਬਹੁਤ ਖੁਸ਼ ਹੋਣਾ    ਸ) ਉਦਾਸ ਹੋ ਜਾਣਾ

## ਭਾਗ - ੲ

ਪਾਠ ਪੁਸਤਕਾਂ ਤੇ ਅਧਾਰਿਤ

1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇਕ ਵਾਕ ਵਿੱਚ ਦਿਓ: (9×1=9)

1) ਨਿਆਂਈ ਵਾਲੇ ਖੂਹ ਦੇ ਹਿੱਸੇਦਾਰ ਕੌਣ ਕੌਣ ਸਨ?
2) ਰਾਣੀ ਕਿੰਨੀ ਪੜ੍ਹੀ ਲਿਖੀ ਕੁੜੀ ਸੀ?
3) ਬਾਬਾ ਫਰੀਦ ਜੀ ਦਾ ਸੰਬੰਧ ਕਿਸ ਕਾਵਿ ਧਾਰਾ ਨਾਲ ਹੈ?
4) ਸਾਰੀ ਸ੍ਰਿਸ਼ਟੀ ਵਿੱਚ ਕਿਸ ਦਾ ਨੂਰ ਵਸ ਰਿਹਾ ਹੈ?
5) 'ਦੁਖ ਦਾਰੂ ਸੁਖ ਰੋਗ ਭਇਆ' ਕਿਸ ਦੀ ਰਚਨਾ ਹੈ?
6) ਕਵੀ ਨੂੰ ਆਪਣੀ ਮਾਂ-ਬੋਲੀ ਪੰਜਾਬੀ ਤੋਂ ਇਲਾਵਾ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਦਾ ਗਿਆਨ ਹੈ?

7) ਤ੍ਰਿੰਞਣ ਵਿੱਚ ਬੈਠ ਕੇ ਮੁਟਿਆਰਾਂ ਕੀ ਕਰਦੀਆਂ ਸਨ?
8) ਮਹਾਮਤਾ ਬੁੱਧ ਦੇ ਚੇਲੇ ਦਾ ਨਾਂ ਕੀ ਸੀ?
9) 'ਚੱਲ ਮੇਰੀ ਗੱਠੜੀ ਸ਼ਹਿਰੋ ਸ਼ਹਿਰ' ਲੇਖ ਦੇ ਲੇਖਕ ਦਾ ਨਾਂ ਦੱਸੋ।

**ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ।** (8×2=16)
1) 'ਮੂੰਹ ਵਿੱਚ ਰੱਖੀ ਕੁਹਾੜੀ ਤੋਂ ਸਦਾ ਬੱਚ ਕੇ ਰਹਿਣਾ ਚਾਹੀਦਾ ਹੈ' ਵਾਕ ਦਾ ਭਾਵ ਸਪਸ਼ਟ ਕਰੋ।
2) ਲੇਖਕ ਦੇ ਘਰ ਰਹਿਣ ਵਾਲੇ ਅਤੇ ਬਾਹਰ ਫਿਰਨ ਵਾਲੇ ਵਿਅਕਤੀ ਬਾਰੇ ਕੀ ਵਿਚਾਰ ਹਨ?
3) 'ਫਰੀਦਾ ਜੇ ਤੂੰ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖੁ' ਸਲੋਕ ਵਿੱਚ ਫਰੀਦ ਜੀ ਸਾਨੂੰ ਕੀ ਸਮਝਾ ਰਹੇ ਹਨ?
4) ਸੁਭਾਅ ਦੇ ਪੱਖੋਂ ਸੱਦਾ ਸਿੰਘ ਕਿਹੋ ਜਿਹਾ ਵਿਅਕਤੀ ਸੀ?
5) 'ਦੁਖੁ ਦਾਰੂ ਸੁਖ ਰੋਗ ਭਇਆ' ਸ਼ਬਦ ਦਾ ਕੇਂਦਰੀ ਭਾਵ ਲਿਖੋ।
6) 'ਟੁਕੜੀ ਜੱਗ ਤੋਂ ਨਿਆਰੀ' ਕਿੱਥੋਂ ਦੀ ਧਰਤੀ ਨੂੰ ਕਿਹਾ ਗਿਆ ਹੈ ਤੇ ਕਿਉਂ?
7) ਕਵੀ ਨੇ 'ਪੰਜਾਬ' ਕਵਿਤਾ ਵਿੱਚ ਕੁੜੀਆਂ ਦੀ ਸੁੰਦਰਤਾ ਨੂੰ ਕਿਵੇਂ ਬਿਆਨ ਕੀਤਾ ਹੈ?
8) ਬੇਰੁਜ਼ਗਾਰ ਧੀਆਂ ਵੱਲੋਂ ਨੌਕਰੀ ਮੰਗਣ ਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਕੀ ਸਲੂਕ ਕੀਤਾ ਜਾਂਦਾ ਹੈ?

**ੲ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਦਿਓ:** (5×2=10)
ੳ) 'ਸਮਾਂ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

'ਸਿੰਮਲ ਰੁਖੁ ਸਰਾਇਰਾ' ਵਿੱਚ ਪ੍ਰਗਟਾਏ ਗਏ ਵਿਚਾਰਾਂ ਤੇ ਨੋਟ ਲਿਖੋ।

ਅ) ਮਹਾਤਮਾ ਬੁੱਧ ਨੂੰ ਗਾਲ੍ਹਾਂ ਕੱਢਣ ਵਾਲੇ ਪ੍ਰਸੰਗ ਨੂੰ ਬਿਆਨ ਕਰਦੇ ਹੋਏ ਦੱਸੋ ਕਿ ਸਾਨੂੰ ਇਸ ਤੋਂ ਕੀ ਸਿੱਖਿਆ ਮਿਲਦੀ ਹੈ?

ਜਾਂ

ਲੇਖਕ ਦੇ ਭੁਵਨੇਸ਼ਵਰ ਤੇ ਪੁਰੀ ਦੇ ਅਨੁਭਵ ਆਪਣੇ ਸ਼ਬਦਾਂ ਵਿੱਚ ਲਿਖੋ।

**ਸ) ਹੇਠ ਲਿਖੇ ਪ੍ਰਸ਼ਨ ਦਾ ਉੱਤਰ 100-125 ਸ਼ਬਦਾਂ ਵਿੱਚ ਲਿਖੋ।** **(5×1=5)**
ਤੁਹਾਡਾ ਕੋਈ ਮਿੱਤਰ ਜਾਂ ਰਿਸ਼ਤੇਦਾਰ ਵਿਦੇਸ਼ ਵਿੱਚ ਵਿਆਹ ਕਰਵਾ ਚੁੱਕਾ ਹੈ ਪਰ ਦਾਜ ਦੀ ਖਾਤਰ ਭਾਰਤ ਵਿੱਚ ਇਕ ਹੋਰ ਵਿਆਹ ਕਰਾਉਣਾ ਚਾਹੁੰਦਾ ਹੈ, ਅਜਿਹੀ ਸਥਿਤੀ ਵਿੱਚ ਤੁਸੀਂ ਕੀ ਕਰੋਗੇ, ਆਪਣੇ ਵਿਚਾਰ ਲਿਖੋ।

## ਭਾਗ - ਸ (ਲਿਖਤੀ)

**1) ਹੇਠ ਲਿਖੇ ਨੁਕਤਿਆਂ ਦੇ ਅਧਾਰ ਤੇ ਕਿਸੇ ਇਕ ਵਿਸ਼ੇ ਤੇ ਲੇਖ ਲਿਖੋ:** **(10)**
**ਗੁਰੂ ਤੇਗ ਬਹਾਦਰ ਜੀ**
**ਨੁਕਤੇ :**
- ਜਨਮ ਤੇ ਬਚਪਨ
- ਗੁਰੂ ਲਾਧੋ ਰੇ
- ਕਸ਼ਮੀਰੀ ਪੰਡਤਾਂ ਦੀ ਪੁਕਾਰ
- ਸਿੱਖਾਂ ਦੀ ਸ਼ਹੀਦੀ
- ਗੁਰੂ ਜੀ ਦੀ ਸ਼ਹੀਦੀ
- ਪ੍ਰਸਿੱਧ ਰਚਨਾਵਾਂ

ਜਾਂ

*ਸਾਡੀਆਂ ਸਮਾਜਕ ਕੁਰੀਤੀਆਂ*

ਨੁਕਤੇ :

- ਭੂਮਿਕਾ
- ਦਾਜ ਦੀ ਕੁਰੀਤੀ
- ਭਰੂਣ-ਹੱਤਿਆ
- ਵਹਿਮ-ਭਰਮ
- ਮਿਲਾਵਟਖੋਰੀ
- ਭ੍ਰਿਸ਼ਟਾਚਾਰ
- ਬੇਰੁਜ਼ਗਾਰੀ ਤੇ ਨਸ਼ਾ
- ਸਾਰੰਸ਼

2) ਹੇਠ ਲਿਖੇ ਨੁਕਤਿਆਂ ਦੇ ਅਧਾਰ ਤੇ ਕੋਈ ਇਕ ਪੱਤਰ ਲਿਖੋ: (10)

ਤੁਹਾਡਾ ਮਿੱਤਰ, ਜੋ ਕਿ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਇਆ ਹੈ, ਉਸ ਨੂੰ ਉਸ ਦੇ ਪਾਸ ਹੋਣ ਦੀ ਵਧਾਈ ਦਿੰਦੇ ਹੋਏ ਵਧਾਈ ਪੱਤਰ ਲਿਖੋ।

ਨੁਕਤੇ :

- ਅਖ਼ਬਾਰ ਵਿੱਚੋਂ ਨਤੀਜਾ ਦੇਖਣਾ
- ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ
- ਸਫਲਤਾ ਤੋਂ ਖੁਸ਼ ਹੋਣਾ
- ਪਾਰਟੀ ਮੰਗਣਾ

ਜਾਂ

ਤੁਹਾਡੇ ਭਰਾ ਗਗਨਦੀਪ ਦਾ ਵਿਆਹ ਹੈ। ਤੁਹਾਡੇ ਮਾਤਾ-ਪਿਤਾ ਨੇ ਗਗਨਦੀਪ ਦੇ ਵਿਆਹ ਵਿੱਚ ਸੁਧਾਰ ਬਾਰੇ ਤੁਹਾਡੀ ਰਾਇ ਪੁੱਛੀ ਹੈ। ਇਸ ਪੱਤਰ ਰਾਹੀਂ ਤੁਸੀਂ ਇਹ ਲਿਖੋ ਕਿ ਤੁਸੀਂ ਆਪਣੇ ਭਰਾ ਦੇ ਵਿਆਹ ਵਿੱਚ ਕੀ-ਕੀ ਸੁਧਾਰ ਕਰਨਾ ਚਾਹੁੰਦੇ ਹੋ।

ਨੁਕਤੇ :

- ਮਾਪਿਆਂ ਦਾ ਤੁਹਾਡੇ ਤੋਂ ਵਿਆਹ ਵਿੱਚ ਸੁਧਾਰ ਲਈ ਸੁਝਾਅ ਮੰਗਣਾ
- ਬੇਲੋੜੀਆਂ ਤੇ ਫਜ਼ੂਲ ਰਸਮਾਂ ਨੂੰ ਨਾ-ਪਸੰਦ ਕਰਨਾ
- ਫ਼ਜ਼ੂਲਖ਼ਰਚੀ ਤੇ ਸਮੇਂ ਦੀ ਬੱਚਤ ਬਾਰੇ ਸਮਝਾਉਣਾ
- ਨਵੀਂ ਲੀਂਹ ਪਾਉਣਾ
- ਲੜਕੀ ਵਾਲਿਆਂ ਦੀ ਭਲਾਈ